ਜਾਦੂ ਟੂਣੇ ਦੀ ਕਾਟ 1-604-961-6635
ਲੀਗਲ ਸੇਵਾਵਾਂ 905-913-2355
ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ 647-829-2454
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
ਵਕੀਲ ਦੀ ਲੋੜ ? 905-362-0755
ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ Buy/Sell US Dollars 416-731-7710
ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ 647-829-2454
ਕਰਜ਼ੇ ਤੋਂ ਪਰੇਸ਼ਾਨ ਹੋ ? 416-502-3100

ਗ਼ਾਜ਼ਾ ਨੂੰ ਦੋ ਹਿੱਸਿਆਂ ’ਚ ਵੰਡੇਗਾ US



ਵਾਸ਼ਿੰਗਟਨ: ਅਮਰੀਕਾ ਗ਼ਾਜ਼ਾ ਪੱਟੀ ਨੂੰ ਦੋ ਹਿੱਸਿਆਂ ’ਚ ਵੰਡਣ ਦੀ ਤਿਆਰੀ ਕਰ ਰਿਹਾ ਹੈ। ਇਸ ਲਈ ਇੱਕ ਲੰਮੇ ਸਮੇਂ ਦਾ ਪਲੈਨ ਬਣਾਇਆ ਗਿਆ ਹੈ। ਇੱਕ ਹਿੱਸੇ ’ਤੇ ਇੰਟਰਨੈਸ਼ਨਲ ਫ਼ੋਰਸ (ISF) ਅਤੇ ਇਜ਼ਰਾਇਲੀ ਫ਼ੌਜ ਦਾ ਕੰਟਰੋਲ ਰਹੇਗਾ। ਇਸ ਨੂੰ ਗ੍ਰੀਨ ਜ਼ੋਨ ਕਿਹਾ ਜਾਵੇਗਾ।

ਫ਼ਿਲਿਸਤੀਨੀ ਆਬਾਦੀ ਵਾਲੇ ਦੂਜੇ ਹਿੱਸੇ ਨੂੰ ਫ਼ਿਲਹਾਲ ਖੰਡਰ ਦੀ ਅਵਸਥਾ ’ਚ ਹੀ ਰਹਿਣ ਦਿੱਤਾ ਜਾਵੇਗਾ। ਇਸ ਨੂੰ ਰੈੱਡ ਜ਼ੋਨ ਨਾਂ ਦਿੱਤਾ ਗਿਆ ਹੈ। ਲਗਭਗ ਸਾਰੇ ਫ਼ਿਲਿਸਤੀਨੀ ਰੈੱਡ ਜ਼ੋਨ ’ਚ ਰੱਖੇ ਜਾਣਗੇ। ਰਿਪੋਰਟ ਮੁਤਾਬਿਕ ਇਸ ਪਲੈਨ ਨੂੰ ਲਾਗੂ ਕਰਨ ਦੀ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ। ਗ਼ਾਜ਼ਾ ਦੇ ਪੂਰਬੀ ਹਿੱਸੇ ’ਚ ਗ੍ਰੀਨ ਜ਼ੋਨ ਬਣਾਇਆ ਜਾਵੇਗਾ। ਇੱਥੇ ਇਜ਼ਰਾਇਲੀ ਫ਼ੌਜੀਆਂ ਦੇ ਨਾਲ ਵਿਦੇਸ਼ੀ ਜਵਾਨ ਵੀ ਤਾਇਨਾਤ ਕੀਤੇ ਜਾਣਗੇ ਅਤੇ ਮੁੜ-ਵਿਕਾਸ ਦਾ ਕੰਮ ਹੋਵੇਗਾ। ਅਮਰੀਕਾ ਇੱਥੇ ਤਾਇਨਾਤ ਹੋਣ ਵਾਲੀਆਂ ਕੌਮਾਂਤਰੀ ਸੁਰੱਖਿਆ ਫ਼ੋਰਸਾਂ ਨੂੰ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ’ਚ ਰਸਮੀ ਮਨਜ਼ੂਰੀ ਦਿਵਾਉਣ ਦੀ ਕੋਸ਼ਿਸ਼ ਕਰ ਰਿਹਾ ਹੈ।

ਯੋਜਨਾ ਮੁਤਾਬਿਕ ਉਥੇ ਸ਼ੁਰ ’ਚ 100 ਫ਼ੌਜੀ ਤਾਇਨਾਤ ਕੀਤੇ ਜਾਣਗੇ। ਬਾਅਦ ’ਚ ਇਨ੍ਹਾਂ ਦੀ ਗਿਣਤੀ ਵਧਾ ਕੇ 20 ਹਜ਼ਾਰ ਕੀਤੀ ਜਾ ਸਕਦੀ ਹੈ। ਗ੍ਰੀਨ ਜ਼ੋਨ ’ਚੋਂ ਬਾਹਰ ਜਾਣ ਦੀ ਮਨਜ਼ੂਰੀ ਕਿਸੇ ਵੀ ਵਿਦੇਸ਼ੀ ਫ਼ੌਜ ਨੂੰ ਨਹੀਂ ਹੋਵੇਗੀ।

ਖੰਡਰ ਹੋ ਚੁੱਕਾ ਪੱਛਮੀ ਗ਼ਾਜ਼ਾ ਬਣੇਗਾ ਰੈੱਡ ਜ਼ੋਨ: ਇਜ਼ਰਾਇਲੀ ਕੰਟਰੋਲ ਵਾਲੀ ਯੈਲੋ ਲਾਈਨ ਦੇ ਪੱਛਮ ਦਾ ਹਿੱਸਾ ਰੈੱਡ ਜ਼ੋਨ ਕਹਾਏਗਾ। ਇੱਥੇ ਕੋਈ ਵੀ ਮੁੜ-ਵਿਕਾਸ ਨਹੀਂ ਕੀਤਾ ਜਾਵੇਗਾ। ਦੋ ਸਾਲ ਦੀ ਜੰਗ ’ਚ ਸਭ ਤੋਂ ਵੱਧ ਨੁਕਸਾਨ ਇਸੇ ਇਲਾਕੇ ਨੂੰ ਪਹੁੰਚਿਆ ਹੈ। ਉਥੇ ਲਗਭਗ 20 ਲੱਖ ਦੀ ਆਬਾਦੀ ਫ਼ਸੀ ਹੋਈ ਹੈ। ਇਹ ਪੂਰੀ ਯੋਜਨਾ ਹੁਣੇ ਜਿਹੇ ਸੀਸਫ਼ਾਇਰ ਅਤੇ ਡੌਨਲਡ ਟਰੰਪ ਦੇ ਵਾਅਦਿਆਂ ’ਤੇ ਸਵਾਲ ਖੜ੍ਹੇ ਕਰਦੀ ਹੈ।

ਟਰੰਪ ਪ੍ਰਸ਼ਾਸਨ ਵਲੋਂ ਕਿਹਾ ਗਿਆ ਸੀ ਕਿ ਗ਼ਾਜ਼ਾ ਨੂੰ ਇਕਜੁੱਟ ਕਰ ਕੇ ਫ਼ਿਲਿਸਤੀਨੀ ਰਾਜ ਨੂੰ ਬਹਾਲ ਕੀਤਾ ਜਾਵੇਗਾ। ਟਰੰਪ ਨੇ 13 ਅਕਤੂਬਰ ਨੂੰ ਮਿਸਰ ਦੇ ਸ਼ਹਿਰ ਸ਼ਰਮ-ਅਲ-ਸ਼ੇਖ਼ ’ਚ ਗ਼ਾਜ਼ਾ ਸ਼ਾਂਤੀ ਸਮਝੌਤੇ ’ਤੇ ਹਸਤਾਖਰ ਕੀਤੇ ਸਨ। ਇਸ ਦੌਰਾਨ 20 ਤੋਂ ਵੱਧ ਦੇਸ਼ਾਂ ਦੇ ਨੇਤਾ ਉੱਥੇ ਮੌਜੂਦ ਸਨ ਪਰ ਇਜ਼ਰਾਇਲ ਤੇ ਹਮਾਸ ਨੂੰ ਨਹੀਂ ਸੀ ਦੱਸਿਆ ਗਿਆ

US ਨੇ 200 ਉਤਪਾਦਾਂ ਤੋਂ ਹਟਾਏ Tariffs

ਸੈਨ ਹੋਜ਼ੇ: ਆਸਟਰੇਲੀਆ ਨੇ **US** ਰਾਸ਼ਟਰਪਤੀ **Donald Trump** ਦੇ ਬੀਫ਼ ’ਤੇ ਟੈਰਿਫ਼ ਹਟਾਉਣ ਦੇ ਫ਼ੈਸਲੇ ਦਾ ਸਵਾਗਤ ਕੀਤਾ ਹੈ। ਵਿਦੇਸ਼ ਮੰਤਰੀ ਪੈਨੀ ਵੌਂਗ ਨੇ ਇਸ ਕਦਮ ਨੂੰ ਆਸਟ੍ਰੇਲੀਆਈ ਉਤਪਾਦਕਾਂ ਲਈ ਲਾਭਦਾਇਕ ਦੱਸਿਆ। **ABC Television** ’ਤੇ ਬੋਲਦੇ ਹੋਏ ਵੌਂਗ ਨੇ ਕਿਹਾ ਕਿ ਬੀਫ਼ ਸਮੇਤ 200 ਤੋਂ ਵੱਧ ਭੋਜਨ ਉਤਪਾਦਾਂ ’ਤੇ ਅਮਰੀਕੀ ਟੈਰਿਫ਼ਸ ਹਟਾਉਣ ਨਾਲ ਆਸਟ੍ਰੇਲੀਆਈ ਨਿਰਯਾਤਕਾਂ ਅਤੇ ਅਮਰੀਕੀ ਖਪਤਕਾਰਾਂ ਦੋਵਾਂ ਨੂੰ ਫ਼ਾਇਦਾ ਹੋਵੇਗਾ ਜੋ ਕਿ ਗਰੰਸਰੀ ਦੀਆਂ ਵਧਦੀਆਂ ਕੀਮਤਾਂ ਦਾ ਸਾਹਮਣਾ ਕਰ ਰਹੇ ਹਨ।

ਉਨ੍ਹਾਂ ਕਿਹਾ, “ਅਸੀਂ ਟੈਰਿਫ਼ਸ ਹਟਾਉਣ ਦਾ ਸਵਾਗਤ ਕਰਦੇ ਹਾਂ। ਇਹ ਆਸਟ੍ਰੇਲੀਆਈ ਬੀਫ਼ ਉਤਪਾਦਕਾਂ ਲਈ ਇੱਕ ਚੰਗੀ ਗੱਲ ਹੈ।” ਆਸਟ੍ਰੇਲੀਆ 2024 ’ਚ ਅਮਰੀਕਾ ਦਾ ਲਾਲ ਮੀਟ ਦਾ ਸਭ ਤੋਂ ਵੱਡਾ ਸਪਲਾਇਰ ਸੀ। ਵੌਂਗ ਨੇ ਕਿਹਾ ਕਿ ਟੈਰਿਫ਼ਸ ਹਟਾਉਣਾ ਖੁੱਲ੍ਹੇ ਬਾਜ਼ਾਰਾਂ ਦੀ ਮਹੱਤਤਾ ਨੂੰ ਦਰਸਾਉਂਦਾ ਹੈ, ਅਤੇ ਦੋਵਾਂ ਪਾਸਿਆਂ ਦੇ ਖਪਤਕਾਰਾਂ ਅਤੇ ਉਤਪਾਦਕਾਂ ਦੋਵਾਂ ਨੂੰ ਲਾਭ ਪਹੁੰਚਾਏਗਾ। ਹਾਲਾਂਕਿ ਵੌਂਗ ਨੇ ਇਸ ਗੱਲ ਦਾ ਅੰਦਾਜ਼ਾ ਲਗਾਉਣ ਤੋਂ ਇਨਕਾਰ ਕਰ ਦਿੱਤਾ ਕਿ ਕੀ ਆਸਟ੍ਰੇਲੀਆ ਹੁਣ ਟਰੰਪ ਤੋਂ ਆਸ ਕਰਦਾ ਹੈ ਕਿ ਆਸਟ੍ਰੇਲੀਆਈ ਸਟੀਲ ਅਤੇ ਐਲੂਮੀਨੀਅਮ ’ਤੇ ਲਗਾਏ ਗਏ 50 ਫ਼ੀਸਦੀ ਟੈਰਿਫ਼ਸ ਨੂੰ ਹਟਾਏਗਾ। ਐਂਥਨੀ ਐਲਬਨੀਜ਼ੀ ਸਰਕਾਰ ਨੇ ਇਨ੍ਹਾਂ ਉਪਾਵਾਂ ’ਚ ਰਾਹਤ ਲਈ ਵਾਸ਼ਿੰਗਟਨ ’ਤੇ ਦਬਾਅ ਪਾਇਆ ਹੋਇਆ ਹੈ, ਪਰ ਹੁਣ ਤਕ ਕੋਈ ਤਰੱਕੀ ਨਹੀਂ ਹੋਈ।

ਟਰੰਪ ਪ੍ਰਸ਼ਾਸਨ ਨੇ ਕੌਫ਼ੀ ’ਤੇ ਟੈਰਿਫ਼ਸ ਵੀ ਕੀਤੇ ਘੱਟ: ਟਰੰਪ ਦਾ ਬੀਫ਼ ’ਤੇ ਟੈਰਿਫ਼ ਘਟਾਉਣ ਦਾ ਫ਼ੈਸਲਾ ਅਮਰੀਕਾ ਦੇ ਐਕਵਾਡੋਰ, ਗੁਆਟੇਮਾਲਾ, ਐਲ ਸਲਵਾਡੋਰ ਅਤੇ ਅਰਜਨਟੀਨਾ ਨਾਲ ਖੇਤੀਬਾੜੀ ਆਯਾਤ ਟੈਕਸ ਘਟਾਉਣ ਲਈ ਸਮਝੌਤੇ ’ਤੇ ਪਹੁੰਚਣ ਤੋਂ ਥੋੜ੍ਹੀ ਦੇਰ ਬਾਅਦ ਆਇਆ ਹੈ। ਇਹ ਟਰੰਪ ਪ੍ਰਸ਼ਾਸਨ ਦੇ ਵਧਦੇ ਭੋਜਨ ਅਤੇ ਰਹਿਣ-ਸਹਿਣ ਦੀਆਂ ਲਾਗਤਾਂ ਨਾਲ ਵੋਟਰਾਂ ਦੀ ਨਿਰਾਸ਼ਾ ਨੂੰ ਦੂਰ ਕਰਨ ਦੇ ਵਿਆਪਕ ਯਤਨਾਂ ਦਾ ਹਿੱਸਾ ਹੈ। ਇਸ ਹਫ਼ਤੇ ਦੇ ਸ਼ੁਰੂ ’ਚ ਟਰੰਪ ਨੇ ਹੋਰ ਆਯਾਤ ਨੂੰ ਉਤਸ਼ਾਹਿਤ ਕਰਨ ਲਈ ਕੌਫ਼ੀ ’ਤੇ ਟੈਰਿਫ਼ ਘਟਾਉਣ ਦਾ ਸੁਝਾਅ ਵੀ ਦਿੱਤਾ।

ਡੌਨਲਡ ਟਰੰਪ ਨੇ ਪਿਛਲੇ ਸਾਲ ਅਮਰੀਕੀ ਰਾਸ਼ਟਰਪਤੀ ਚੋਣਾਂ ਦੌਰਾਨ ਨਿਰਮਾਣ ਖੇਤਰ ਨੂੰ ਮਜ਼ਬੂਤ ਕਰਨ ਅਤੇ ਮਹਿੰਗਾਈ ਨੂੰ ਘਟਾਉਣ ਦਾ ਵਾਅਦਾ ਕੀਤਾ ਸੀ ਹਾਲਾਂਕਿ ਉਨ੍ਹਾਂ ਦੀਆਂ ਟੈਰਿਫ਼ ਨੀਤੀਆਂ ਦੇ ਨਤੀਜੇ ਵਜੋਂ ਬਹੁਤ ਸਾਰੇ ਅਮਰੀਕੀ ਪਰਿਵਾਰਾਂ ਨੂੰ ਕਰਿਆਨੇ, ਬਿਜਲੀ ਅਤੇ ਰਿਹਾਇਸ਼ ਲਈ ਵਧੇ ਹੋਏ ਬਿੱਲਾਂ ਦਾ ਸਾਹਮਣਾ ਕਰਨਾ ਪਿਆ ਹੈ। ਇਸ ਦੇ ਬਾਵਜੂਦ ਰਾਸ਼ਟਰਪਤੀ ਟਰੰਪ ਨੇ ਆਪਣੀਆਂ ਆਰਥਿਕ ਨੀਤੀਆਂ ਦਾ ਬਚਾਅ ਕਰਦੇ ਹੋਏ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੀਆਂ ਟੈਰਿਫ਼ ਨੀਤੀਆਂ ਨੇ ਅਮਰੀਕੀ ਅਰਥਵਿਵਸਥਾ ਨੂੰ ਮਜ਼ਬੂਤ ਕੀਤਾ ਹੈ।

ਪਿਛਲੇ ਸਾਲ ਅਮਰੀਕੀ ਬੀਫ਼ ਉਤਪਾਦਨ ’ਚ ਗਿਰਾਵਟ ਦੇ ਵਿਚਕਾਰ ਅਮਰੀਕਾ ਨੂੰ ਆਸਟ੍ਰੇਲੀਆਈ ਬੀਫ਼ ਨਿਰਯਾਤ ਚਾਰ ਬਿਲੀਅਨ ਆਸਟ੍ਰੇਲੀਆਈ ਡਾਲਰ (2.64 ਬਿਲੀਅਨ ਅਮਰੀਕੀ ਡਾਲਰ) ਤਕ ਵੱਧ ਗਿਆ। ਟਰੰਪ ਦੁਆਰਾ ਵਪਾਰ ਅਸੰਤੁਲਨ ਦੀ ਆਲੋਚਨਾ ਕਰਨ ਤੋਂ ਕੁੱਝ ਮਹੀਨਿਆਂ ਬਾਅਦ ਆਸਟ੍ਰੇਲੀਆ ਨੇ ਸੰਯੁਕਤ ਰਾਜ ਤੋਂ ਬੀਫ਼ ਆਯਾਤ ’ਤੇ ਆਪਣੀਆਂ ਪਾਬੰਦੀਆਂ ਨੂੰ ਘੱਟ ਕਰ ਦਿੱਤਾ। ਆਸਟ੍ਰੇਲੀਆ 1990 ਤੋਂ ਹਰ ਸਾਲ 150,000 ਤੋਂ 400,000 ਟਨ ਬੀਫ਼ ਸੰਯੁਕਤ ਰਾਜ ਅਮਰੀਕਾ ਭੇਜ ਰਿਹਾ ਹੈ। ਸੰਯੁਕਤ ਰਾਜ ਅਮਰੀਕਾ ’ਚ ਆਸਟ੍ਰੇਲੀਆਈ ਬੀਫ਼ ਦੀ ਮੰਗ ਮਜ਼ਬੂਤ ਬਣੀ ਹੋਈ ਹੈ, ਖ਼ਾਸ ਕਰ ਕੇ ਫ਼ਾਸਟ-ਫੂਡ ਚੇਨਾਂ ’ਚ।

ਉੱਲੂ ਦੀਆਂ ਅੱਖਾਂ ’ਚ ਸਮਾਇਆ ਪੂਰਾ ਬ੍ਰਹਿਮੰਡ

ਵੈੱਬ ਡੈਸਕ- ਅਸੀਂ ਉੱਲੂਆਂ ਨੂੰ ਚੁੱਪਚਾਪ, ਰਹੱਸਮਈ ਅਤੇ ਰਾਤ ਨੂੰ ਸ਼ਿਕਾਰ ਕਰਨ ਵਾਲਾ ਪੰਛੀ ਮੰਨਦੇ ਹਾਂ, ਪਰ ਕੈਲੇਫ਼ੋਰਨੀਆ ’ਚ ਮਿਲਿਆ ਇੱਕ ਵਿਲੱਖਣ ਉੱਲੂ ਤੁਹਾਡੀ ਸਾਰੀ ਸੋਚ ਬਦਲ ਦੇਵੇਗਾ। ਉਸ ਉੱਲੂ ਦਾ ਨਾਂ **Zeus** ਹੈ। ਉਸ ਦੀਆਂ ਅੱਖਾਂ ’ਚ ਅਜਿਹਾ ਨਜ਼ਾਰਾ ਦਿੱਸਦਾ ਹੈ ਕਿ ਲੋਕ ਹੈਰਾਨ ਰਹਿ ਜਾਂਦੇ ਹਨ।

ਘਰ ਦੇ ਵੇਹੜੇ ’ਚ ਜ਼ਖ਼ਮੀ ਮਿਲਿਆ Zeus: Zeus ਇੱਕ ਦਿਨ ਇੱਕ ਘਰ ਦੇ ਵੇਹੜੇ ’ਚ ਜ਼ਖ਼ਮੀ ਹਾਲਤ ’ਚ ਮਿਲਿਆ ਸੀ। ਉਹ ਕੰਧ ਨਾਲ ਟਕਰਾ ਗਿਆ ਸੀ ਅਤੇ ਉੱਡਣ ’ਚ ਅਸਮਰੱਥ ਸੀ। ਘਰ ਦੇ ਲੋਕਾਂ ਨੇ ਤੁਰੰਤ **Wildlife Learning Center** ਨੂੰ ਸੂਚਨਾ ਦਿੱਤੀ। ਜਦੋਂ ਡਾਕਟਰਾਂ ਨੇ ਜਾਂਚ ਕੀਤੀ ਤਾਂ ਪਤਾ ਲੱਗਾ ਕਿ **Zeus** ਪੂਰੀ ਤਰ੍ਹਾਂ ਅੰਨ੍ਹਾ ਹੈ ਅਤੇ ਬਹੁਤ ਕਮਜ਼ੋਰ ਵੀ।

ਅੱਖਾਂ ’ਚ ਦਿੱਸਦੇ ਹਨ ਤਾਰੇ: Zeus ਦੀਆਂ ਅੱਖਾਂ ਕਿਸੇ ਵੀ ਆਮ ਉੱਲੂ ਵਰਗੀਆਂ ਨਹੀਂ। ਡਾਕਟਰਾਂ ਨੇ ਦੱਸਿਆ ਕਿ ਉਸ ਨੂੰ **Capsular Cataract** ਨਾਮਕ ਇੱਕ ਬੀਮਾਰੀ ਹੈ ਜਿਸ ਕਾਰਨ ਅੱਖਾਂ ’ਚ ਚਮਕਦਾਰ ਸਫ਼ੈਦ ਬਿੰਦੂ ਬਣਦੇ ਹਨ। ਇਹ ਬਿੰਦੂ ਬਿਲਕੁਲ ਤਾਰਿਆਂ ਵਾਂਗ ਚਮਕਦੇ ਹਨ। ਇਸ ਕਰ ਕੇ ਉਸ ਦਾ ਨਾਮ

ਯੂਨਾਨ ਦੇ ਦੇਵਤਾ **Zeus** ਤੋਂ ਪ੍ਰੇਰਿਤ ਰੱਖਿਆ ਗਿਆ ਕਿਉਂਕਿ ਉਸ ਦੀਆਂ ਅੱਖਾਂ ’ਚ ਸਾਰਾ ਆਸਮਾਨ ਕੈਦ ਲੱਗਦਾ ਸੀ।

ਹੁਣ ਮਿਲੀ ਸੁਰੱਖਿਅਤ ਅਤੇ ਸੁਕੂਨ ਭਰੀ ਜ਼ਿੰਦਗੀ: Zeus ਦੀ ਅੱਖਾਂ ਦੀ ਰੌਸ਼ਨੀ ਹੁਣ ਸਿਰਫ਼ 10 ਫ਼ੀਸਦੀ ਹੀ ਬਚੀ ਹੈ, ਇਸ ਲਈ ਉਹ ਜੰਗਲ ’ਚ ਜੀਅ ਨਹੀਂ ਸਕਦਾ। ਇਸ ਵੇਲੇ ਉਹ **Wildlife Learning Center** ’ਚ ਇੱਕ ਲੱਕੜ ਦੇ ਖੋਖਲੇ ਤਣੇ ’ਚ ਆਰਾਮ ਨਾਲ ਰਹਿੰਦਾ ਹੈ ਜੋ ਸੈਂਟਰ ਦੇ ਔਫ਼ਿਸ ਦੀ ਫ਼ਾਇਲਿੰਗ ਕੈਬਿਨਟ ’ਤੇ ਰੱਖਿਆ ਹੈ। **Zeus** ਬਹੁਤ ਸ਼ਾਂਤ, ਪਿਆਰਾ ਅਤੇ ਸਮਝਦਾਰ ਹੈ। ਉਸ ਨੂੰ ਦੇਖਣ ਆਏ ਲੋਕ ਪਹਿਲਾਂ ਉਸ ਨੂੰ ਇੱਕ ਖਿਲੌਣਾ ਸਮਝਦੇ ਹਨ, ਪਰ ਜਿਵੇਂ ਹੀ ਉਹ ਆਪਣੀਆਂ ਤਾਰਿਆਂ-ਭਰੀਆਂ ਅੱਖਾਂ ਖੋਲ੍ਹਦਾ ਹੈ ਤਾਂ ਲੋਕ ਦੰਗ ਰਹਿ ਜਾਂਦੇ ਹਨ।

ਲੋਕਾਂ ਲਈ ਪ੍ਰੇਰਣਾ ਬਣਿਆ Zeus: ਉੱਡ ਨਹੀਂ ਸਕਦਾ, ਪਰ ਫ਼ਿਰ ਵੀ **Zeus** ਹਜ਼ਾਰਾਂ ਦਿਲਾਂ ਨੂੰ ਛੂਹ ਰਿਹਾ ਹੈ। ਉਸ ਦੀਆਂ ਅੱਖਾਂ ਦੀ ਖ਼ਾਸ ਚਮਕ ਅਤੇ ਉਸ ਦਾ ਸ਼ਾਂਤ ਸੁਭਾਅ ਲੋਕਾਂ ਨੂੰ ਜੰਗਲੀ ਜੀਵਾਂ ਦੇ ਸੁਰੱਖਿਆ ਅਤੇ ਕੁਦਰਤ ਦੀ ਦੇਖਭਾਲ ਬਾਰੇ ਜਾਗਰੂਕ ਕਰ ਰਿਹਾ ਹੈ। **Wildlife Learning Center** ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ **Zeus** ਹੁਣ ਆਪਣੇ ਸਮੂਹ ਦਾ ਇੱਕ ਤਰ੍ਹਾਂ ਦਾ ਬ੍ਰੈਂਡ ਐਮਬੈਸਡਰ ਬਣ ਗਿਆ ਹੈ।

ਬਿਸ਼ਨੋਈ ਗਰੁੱਪ ਵਲੋਂ ਮੂਸੇਵਾਲਾ ਦੇ ਪਿਤਾ ਅਤੇ ਮਨਕੀਰਤ ਔਲਖ ਨੂੰ ਮਾਰਨ ਦੀ ਧਮਕੀ

ਮੋਹਾਲੀ: ਲੌਰੈਂਸ ਬਿਸ਼ਨੋਈ ਗਰੁੱਪ ਨੇ ਸੋਸ਼ਲ ਮੀਡੀਆ ’ਤੇ ਇੱਕ ਪੋਸਟ ਪਾ ਕੇ ਮੂਸੇਵਾਲਾ ਦੇ ਪਿਤਾ ਤੇ ਗਾਇਕ ਮਨਕੀਰਤ ਔਲਖ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਹੈ। ਪੋਸਟ ’ਚ ਲਿਖਿਆ ਗਿਆ ਹੈ, “ਖਿੱਚ ਲਓ ਤਿਆਰੀ ਅਤੇ ਕਰਲੋ ਅਗਲੇ ਜਨਮ ਦੀ ਤਿਆਰੀ, ਸੈਕਿਓਰਿਟੀ ਜਿੰਨੀ ਵਧਾ ਸਕਦੇ ਵਧਾ ਲਓ।” ਇਸ ਤੋਂ ਇਲਾਵਾ ਪੋਸਟ ’ਚ ਇਹ ਵੀ ਲਿਖਿਆ ਹੈ, “ਜਿੱਥੇ ਭੱਜਣਾ ਭੱਜ ਜਾਓ, ਜਿੱਥੇ ਲੁੱਕਣਾ ਲੁੱਕ

ਜਾਓ, ਬਹੁਤ ਜੀਅ ਲਿਆ, ਹੁਣ ਗੋਲੀ ਕਰਾਂਗੇ ਆਰ-ਪਾਰ। ਧਮਕੀ ਵਾਲੇ ਸੁਨੇਹੇ ’ਚ ਗੁਰਮੀਤ ਬਬਲੂ ਅਤੇ ਅਮਨ ਜੈਂਤੀਪੁਰ ਦਾ ਵੀ ਜ਼ਿਕਰ ਕੀਤਾ ਗਿਆ ਹੈ।

ਨੈਨੀ/ਕੇਅਰਗਿਵਰ ਵੀਜ਼ਾ ਅਰਜ਼ੀਆਂ 7,500 Positions 416-848-3930
Sher Atta $14.99 20LB 905-678-0300
ਸਸਤੀਆਂ ਹਵਾਈ ਟਿਕਟਾਂ 905-595-1700
ਜਾਦੂ ਟੂਣੇ ਦੀ ਕਾਟ 1-604-961-6635
ਦੰਦਾਂ ਦੀ ਦੇਖਭਾਲ 905-450-5600
Security Cameras CCTV Live Monitoring 647-863-9232
ਵਕੀਲ ਦੀ ਲੋੜ ? 905-362-0755
ਸਸਤੀਆਂ ਹਵਾਈ ਟਿਕਟਾਂ 905-595-1700

White House Canada
12 Bedrooms, 7 Bathrooms for 24 guests
with a Party Hall for 100 invitees in Brampton

ਇਸ ਘਰ ’ਚ ਉਪਲਬਧ ਹਨ 12 ਬੈਡਰੂਮਜ਼, 2 ਲਿਵਿੰਗ ਰੂਮਜ਼, 7 ਵਾਸ਼ਰੂਮਜ਼, ਫ਼ੁੱਲ ਕਿਚਨ, ਡਾਈਨਿੰਗ ਏਰੀਆ ਅਤੇ ਪਾਰਟੀ ਹਾਲ। ਰਹਿਣ ਲਈ ਕਮਰੇ ਬਰੈਂਪਟਨ ਸਿਟੀ ਦੀਆਂ ਹਿਦਾਇਤਾਂ ਅਨੁਸਾਰ ।

The property has 12 bedrooms, 2 living rooms, 7 washrooms (mostly en-suite), full kitchen and dining area . Rooms available according to the city of Brampton guidelines.

To Book WHITE HOUSE CANADA
Contact 905-965-4644
www. whitehousecanada.com